# ਦਫਤਰ ਡਾਇਰੈਕਟਰ,ਸਿੱਖਿਆ ਭਰਤੀ ਡਾਇਰੈਕਟੋਰੇਟ
# ਕਮ-ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ।
# ਸਰਕਾਰੀ ਮਾਡਲ ਸੀਨੀਅਰ ਸੰਕੈਡਰੀ ਸਕੂਲ,ਫੇਜ਼-3ਬੀ1,ਐਸ.ਏ.ਐਸ ਨਗਰ।
# (ਵੈਬਸਾਈਟ www.educationrecruitmentboard.com)

---

## ਪਬਲਿਕ ਨੋਟਿਸ

ਪੰਜਾਬ ਸਿੱਖਿਆ ਵਿਭਾਗ ਵੱਲੋਂ ਈ.ਟੀ.ਟੀ ਅਧਿਆਪਕਾਂ ਦੀਆਂ 3522 ਅਸਾਮੀਆਂ ਭਰਨ ਲਈ ਮਿਤੀ 02-12-2015 ਸ਼ਾਮ 5 ਵਜੇ ਤੱਕ ਅਤੇ ਮਾਸਟਰ ਕਾਡਰ ਵਿਚ ਸਮਾਜਿਕ ਸਿੱਖਿਆ ਦੀਆਂ 1500, ਹਿਸਾਬ ਦੀਆਂ 1200, ਸਾਇੰਸ ਦੀਆਂ 1800, ਪੰਜਾਬੀ ਦੀਆਂ 1000, ਹਿੰਦੀ ਦੀਆਂ 350, ਅੰਗਰੇਜੀ ਦੀਆਂ 200, ਸੰਸਕ੍ਰਿਤ ਦੀਆਂ 10 ਆਸਾਮੀਆਂ ਭਰਨ ਲਈ ਆਨਲਾਈਨ ਦਰਖਾਸਤਾਂ ਦੀ ਮੰਗ ਕੀਤੀ ਮਿਤੀ 12-12-2015 ਸ਼ਾਮ 5 ਵਜੇ ਤੱਕ ਵਿਭਾਗ ਦੀ ਵੈਬ-ਸਾਈਟ www.educationrecruitmentboard.com ਤੇ ਮੰਗ ਕੀਤੀ ਗਈ ਸੀ।ਉਮੀਦਵਾਰਾਂ ਦੀ ਰਜਿਸਟਰੇਸ਼ਨ ਮਿਤੀ 12-12-2015 ਨੂੰ ਸ਼ਾਮ 5 ਵਜੇ ਬੰਦ ਹੋ ਜਾਵੇਗੀ ਅਤੇ ਅਪਲਾਈ ਕੀਤੇ ਉਮੀਦਵਾਰ ਬਾਕੀ ਪ੍ਰੀਕਿਰਿਆ ਵਿਗਿਆਪਨ ਵਿਚ ਦਰਸਾਈਆਂ ਮਿਤੀਆਂ ਅਨੁਸਾਰ ਪੂਰੀ ਕਰਨਗੇ।

ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਲੋਂ ਸਿਵਲ ਰਿਟ ਪਟਿਸਨ ਨੰ 25249 ਆਫ 2015 ਮਨਦੀਪ ਕੌਰ ਅਤੇ ਹੋਰ ਬਨਾਮ ਪੰਜਾਬ ਸਰਕਾਰ ਅਤੇ ਅਜਿਹੀਆਂ ਹੋਰ ਸਿਵਲ ਰਿਟ ਪਟੀਸਨਾਂ ਦੇ ਮਿਤੀ 10-12-2015 ਨੂੰ ਕੀਤੇ ਗਏ ਫੈਸਲੇ ਦੀ ਰੋਸ਼ਨੀ ਵਿਚ ਸਬੰਧਤ ਉਮੀਦਵਾਰਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਜਿਹੜੇ ਉਮੀਦਵਾਰ ਮਿਤੀ 13-12-2015 ਨੂੰ ਪੰਜਾਬ ਸਕੂਲ ਸਿੱਖਿਆ ਬੋਰਡ ਵਲੋਂ ਪੰਜਾਬ ਰਾਜ ਅਧਿਆਪਕ ਯੋਗਤਾ ਟੈਸਟ -1 ਅਤੇ 2 ਦੀ ਲਈ ਜਾ ਰਹੀ ਪ੍ਰੀਖਿਆ ਵਿਚੋਂ ਪਾਸ ਹੋਣਗੇ ,ਸਿਰਫ ਉਹ ਉਮੀਦਵਾਰ ਹੀ ਪੰਜਾਬ ਰਾਜ ਅਧਿਆਪਕ ਯੋਗਤਾ ਟੈਸਟ -1 ਅਤੇ 2 ਦਾ ਨਤੀਜਾ ਘੋਸਿਤ ਹੋਣ ਉਪੰਰਤ ਦੋ ਹਫਤਿਆ (14 ਦਿਨਾਂ) ਅੰਦਰ-ਅੰਦਰ ਇਸ ਡਾਇਰੈਕਟੋਰੇਟ ਵਲੋਂ ਉਪਰੋਕਤ ਆਸਾਮੀਆਂ ਦੀ ਭਰਤੀ ਸਬੰਧੀ ਦਿਤੇ ਗਏ ਵਿਗਿਆਪਨਾ ਤਹਿਤ ਸਬੰਧਤ ਆਸਾਮੀਆਂ ਲਈ ਅਪਲਾਈ ਕਰ ਸਕਣਗੇ।

14/12/15

ਡਾਇਰੈਕਟਰ,ਸਿੱਖਿਆ ਭਰਤੀ ਡਾਇਰੈਕਟੋਰੇਟ
ਪੰਜਾਬ।